# ਗਰੈਚੂਟੀ

1. ਸੇਵਾ ਮੁਕਤੀ/ਸਰਕਾਰੀ ਮੁਲਾਜ਼ਮ ਦੀ ਸੇਵਾ ਦੌਰਾਨ ਮੌਤ ਕਾਰਨ ਸਰਕਾਰ ਵੱਲੋਂ ਕੁਝ ਰਕਮ ਯਕਮੁਸ਼ਤ ਗਰੈਚੂਟੀ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ। 1.1.86 ਤੋਂ ਪਹਿਲਾਂ ਗਰੈਚੂਟੀ ਦੀ ਵੱਧ ਤੋਂ ਵੱਧ ਹੱਦ ਕੇਵਲ 50,000 ਰੁ. ਸੀ ਜਿਸ ਨੂੰ ਪੰਜਾਬ ਸਰਕਾਰ ਨੇ ਪੱਤਰ ਨੰ. 1/15/89/ਆਈ.ਐਫ.ਪੀ. III/8070 ਮਿਤੀ 31.8.89 ਰਾਹੀਂ 1.1.86 ਤੋਂ 1 ਲੱਖ ਰੁ. ਕਰ ਦਿੱਤਾ।
2. **ਸੇਵਾ ਮੁਕਤੀ ਸਮੇਂ ਗਰੈਚੂਟੀ** - ਸੇਵਾ ਮੁਕਤੀ ਸਮੇਂ ਪੂਰੀ ਗਰੈਚੂਟੀ ਦੇਣ ਲਈ ਆਖਰੀ ਮੁੱਢਲੀ ਤਨਖਾਹ ਦਾ 66/4 ਗੁਣਾ ਹੁੰਦੀ ਹੈ। 66 ਛਿਮਾਹੀਆਂ ਤੋਂ ਘੱਟ ਸੇਵਾ ਹੋਣ ਤੇ ਗਰੈਚੂਟੀ ਦੀ ਰਕਮ ਅਨੁਪਾਤਕ ਤੌਰ ਤੇ ਘੱਟਾ ਦਿੱਤੀ ਜਾਂਦੀ ਹੈ।
3. 31.3.85 ਤੋਂ 31.12.85 ਤੱਕ ਮੁੱਢਲੀ ਤਨਖਾਹ ਦਾ ਕੁਝ ਭਾਗ ਮਹਿੰਗਾਈ ਤਨਖਾਹ ਬਣਾ ਦਿੱਤਾ ਸੀ ਜਿਸ ਕਾਰਨ ਇਹ ਮਹਿੰਗਾਈ ਤਨਖਾਹ ਵੀ ਗਰੈਚੂਟੀ ਦਾ ਲੇਖਾ ਜੋਖਾ ਕਰਨ ਲਈ ਗਿਣੀ ਜਾਂਦੀ ਸੀ (PGFD No. 16/65/79.6PR dt. July 1985)
4. 1.1.86 ਤੋਂ 31.3.95 ਤੱਕ ਮਹਿੰਗਾਈ ਭੱਤੇ ਵਿੱਚੋਂ ਕੋਈ ਭਾਗ ਵੀ ਮਹਿੰਗਾਈ ਤਨਖਾਹ ਨਹੀਂ ਬਣਾਇਆ ਗਿਆ ਅਤੇ ਗਰੈਚੂਟੀ ਕੇਵਲ ਮੁੱਢਲੀ ਤਨਖਾਹ ਉੱਪਰ ਹੀ ਮਿਲਦੀ ਰਹੀ (No. 1/15/89/IFP/III 8078 dt. 31.8.89)
5. 1.4.1995 ਤੋਂ ਮੁੱਢਲੀ ਤਨਖਾਹ ਦੇ ਨਾਲ ਨਾਲ 1.7.93 ਤੋਂ ਮਿਲਦਾ 97% ਮਹਿੰਗਾਈ ਭੱਤਾ ਵੀ ਪੱਤਰ ਨੰ. 1/31/93/ਆਈ.ਐਫ.ਪੀ.III/9915 ਮਿਤੀ 13.12.96) ਅਨੁਸਾਰ ਗਰੈਚੂਟੀ ਦੇਣ ਲਈ ਮੁੱਢਲੀ ਤਨਖਾਹ ਵਿੱਚ ਸ਼ਾਮਿਲ ਕੀਤਾ ਜਾਣ ਲੱਗਾ।
6. 1.1.96 ਤੋਂ ਮੁੱਢਲੀ ਤਨਖਾਹ ਉੱਪਰ ਮਿਲਦਾ ਪੂਰਾ ਮਹਿੰਗਾਈ ਭੱਤਾ ਸ਼ਾਮਿਲ ਕਰਕੇ ਗਰੈਚੂਟੀ ਦਿੱਤੀ ਜਾਂਦੀ ਹੈ। ਪੱਤਰ ਨੰ. 1/7/98IFP3/8709 ਮਿਤੀ 16.7.98 ਅਤੇ ਪੱਤਰ ਨੰ. 1/7/98/ਆਈ.ਐਫ.ਪੀ.III/7144 ਮਿਤੀ 24.12.99 ਅਤੇ 1/10/99/ਆਈ.ਐਫ.ਪੀ.III/4636 ਮਿਤੀ 6.4.2000/ 5.5.2000।
7. 1.4.04 ਤੋਂ ਮਿਲਦੇ 61% ਮਹਿੰਗਾਈ ਭੱਤੇ ਵਿੱਚੋਂ 50% ਨੂੰ ਮਹਿੰਗਾਈ ਤਨਖਾਹ ਬਣਾ ਦਿੱਤਾ ਗਿਆ। ਇਸ ਤਰ੍ਹਾਂ ਗਰੈਚੂਟੀ ਦੇਣ ਲਈ ਮੁੱਢਲੀ ਤਨਖਾਹ ਵਿੱਚ ਮਹਿੰਗਾਈ ਤਨਖਾਹ ਅਤੇ ਮਹਿੰਗਾਈ ਭੱਤਾ ਸ਼ਾਮਿਲ ਕੀਤਾ ਜਾਣ ਲੱਗਾ।
8. 1.4.95 ਤੋਂ ਗਰੈਚੂਟੀ ਦੀ ਵੱਧ ਤੋਂ ਵੱਧ ਹੱਦ 1 ਲੱਖ ਰੁ. ਤੋਂ ਵੱਧਾ ਕੇ 2.50 ਲੱਖ ਕਰ ਦਿੱਤੀ ਗਈ ਪੱਤਰ ਨੰ. 1/31/93/ਆਈ.ਐਫ.ਪੀ.III/9915 ਮਿਤੀ 13.12.96 ।
9. 1.1.96 ਤੋਂ ਗਰੈਚੂਟੀ ਦੀ ਵੱਧ ਤੋਂ ਵੱਧ ਹੱਦ 2.5 ਲੱਖ ਤੋਂ ਵੱਧਾ ਕੇ 3.5 ਲੱਖ ਰੁ. ਪੱਤਰ ਨੰ. 1/7/98/ਆਈ.ਐਫ.ਪੀ.III/8709 ਮਿਤੀ 16.7.98 ਅਨੁਸਾਰ ਕਰ ਦਿੱਤੀ ਗਈ।
10. ਸੇਵਾ ਮੁਕਤੀ ਸਮੇਂ ਗਰੈਚੂਟੀ ਦੀ ਅਦਾਇਗੀ ਏ.ਜੀ. ਪੰਜਾਬ ਵੱਲੋਂ ਅਥਾਰਟੀ ਆਉਣ ਤੇ ਸੇਵਾ ਮੁਕਤ ਕਰਮਚਾਰੀ ਦਾ ਤਨਖਾਹ ਵੰਡ ਅਧਿਕਾਰੀ ਬਿਲ ਤਿਆਰ ਕਰਕੇ ਖਜਾਨੇ ਤੋਂ ਪਾਸ ਕਰਵਾ ਕੇ ਕਰਦਾ ਹੈ।
11. ਪੰਜਾਬ ਸਰਕਾਰ ਦੇ ਪੱਤਰ ਨੰ. 24/1/97/ਐਚ.ਬੀ.2/13200 ਮਿਤੀ 2.6.2000 ਅਨੁਸਾਰ ਡਾਕਟਰਾਂ ਨੂੰ ਮਿਲਦਾ ਐਨ.ਪੀ.ਏ. ਗਰੈਚੂਟੀ ਦੇਣ ਲਈ ਗਿਣਿਆ ਜਾਂਦਾ ਹੈ।
12. **ਸੇਵਾ ਦੌਰਾਨ ਮੌਤ ਕਾਰਨ ਗਰੈਚੂਟੀ** - ਜੇ ਕਿਸੀ ਸਰਕਾਰੀ ਕਰਮਚਾਰੀ ਦੀ ਸੇਵਾ ਦੌਰਾਨ ਮੌਤ ਹੋ ਜਾਵੇ ਤਾਂ ਉਸ ਨੂੰ 1.1.96 ਤੋਂ ਪੱਤਰ ਨੰ. 1/7/98/ ਆਈ.ਐਫ.ਪੀ.()/8709 ਮਿਤੀ 16.7.98 ਦੇ ਪੈਰ੍ਹਾ 5.2 ਅਨੁਸਾਰ ਗਰੈਚੂਟੀ ਮਿਲਣਯੋਗ ਹੈ।

| | | |
|---|---|---|
| 1. ਮੌਤ ਸਮੇਂ ਇੱਕ ਸਾਲ ਤੋਂ ਘੱਟ ਨੌਕਰੀ | = | ਵੇਤਨ ਦਾ ਦੋ ਗੁਣਾ |
| 2. ਮੌਤ ਸਮੇਂ ਇੱਕ ਸਾਲ ਤੋ ਵੱਧ ਅਤੇ ਪੰਜ ਸਾਲ ਤੋਂ ਘੱਟ | = | ਵੇਤਨ ਦਾ 6 ਗੁਣਾ |
| 3. ਮੌਤ ਸਮੇਂ 5 ਸਾਲ ਤੋਂ ਵੱਧ ਅਤੇ 12 ਸਾਲ ਤੋਂ ਘੱਟ ਤੇ | = | ਵੇਤਨ ਦਾ 12 ਗੁਣਾ |
| 4. 12 ਸਾਲਾਂ ਤੋਂ ਵੱਧ ਤੇ | = | ਹਰ ਪੂਰੀ ਛਿਮਾਹੀ ਪਿੱਛੇ ਵੇਤਨ ਦਾ ਅੱਧ ਅਤੇ ਵੱਧ ਤੋਂ ਵੱਧ 66 ਛਿਮਾਹੀਆਂ ਅਤੇ ਰਕਮ ਵੱਧ ਤੋਂ ਵੱਧ 3.5 ਲੱਖ ਰੁਪਏ |

13. ਇਸ ਤਰ੍ਹਾਂ ਸੇਵਾ ਦੌਰਾਨ ਮੌਤ ਸਮੇਂ ਗਰੈਚੂਟੀ ਦੀ ਰਕਮ 66 ਛਿਮਾਹੀਆਂ ਅਨੁਸਾਰ ਸੇਵਾ ਮੁਕਤੀ ਸਮੇਂ ਮਿਲਣ ਵਾਲੀ ਗਰੈਚੂਟੀ ਨਾਲੋਂ ਦੋ ਗੁਣਾ ਹੁੰਦੀ ਹੈ।
14. ਮ੍ਰਿਤਕ ਸਰਕਾਰੀ ਕਰਮਚਾਰੀ ਦੀ ਗਰੈਚੂਟੀ ਦੀ ਰਕਮ ਦੀ ਅਦਾਇਗੀ ਉਸਦਾ ਪੈਨਸ਼ਨ ਵੰਡ ਅਧਿਕਾਰੀ ਜੋ ਆਮ ਹਾਲਤਾਂ ਵਿੱਚ ਪੈਨਸ਼ਨ ਵਿਤਰਣ ਬੈਂਕ ਹੁੰਦਾ ਹੈ ਕਰਦਾ ਹੈ।
15. ਡੀ.ਸੀ.ਆਰ.ਜੀ. ਲਈ ਸਿਵਲ ਸੇਵਾਵਾਂ ਰੂਲਜ਼ ਵਾਲੀਉਮ 2 ਚੈਪਟਰ 6 ਵਿੱਚ ਦੇਖੇ ਦਾ ਸਕਦੇ ਹਨ।
16. ਨੌਕਰੀ ਤੋਂ ਬਰਖਾਸਤਗੀ ਸਮੇਤ ਅਨੁਸ਼ਾਸਨ ਹੀਣਤਾ ਕਾਰਨ ਕਰਕੇ ਗਰੈਚੂਟੀ ਜ਼ਬਤ ਵੀ ਕੀਤੀ ਜਾ ਸਕਦੀ ਹੈ।
17. ਸਰਕਾਰੀ ਮੁਲਾਜ਼ਮ ਵੱਲ ਬਣਦੀ ਕਿਸੀ ਕਿਸਮ ਦੀ ਰੀਕਵਰੀ ਵੀ ਗਰੈਚੂਟੀ ਵਿੱਚੋਂ ਪੂਰੀ ਕੀਤੀ ਜਾ ਸਕਦੀ ਹੈ।
18. ਦਰਜਾ-IV ਲਈ ਗਰੈਚੂਟੀ ਲਈ 70 ਛਿਮਾਹੀਆਂ ਅਨੁਸਾਰ ਲਾਭ ਮਿਲਦਾ ਹੈ।
19. 1.11.06 ਤੋਂ ਪੰਜਾਬ ਸਰਕਾਰ ਵੱਲੋਂ ਜਾਰੀ ਪੱਤਰ ਨੰ. 6/1/95FPI/6574 ਮਿਤੀ 31/10/06 ਅਨੁਸਾਰ ਮਿਲਦੀ 5% ਅੰਤਰਮ ਰਾਹਤ ਅਤੇ ਇਸ ਰਕਮ ਅਨੁਸਾਰ ਮਿਲਦਾ ਮਹਿੰਗਾਈ ਭੱਤਾ ਵੀ ਗਰੈਚਟੀ ਦੇਣ ਲਈ ਗਿਣਿਆ ਜਾਂਦਾ ਹੈ।

20. ਪੰਜਾਬ ਸਰਕਾਰ ਦੇ ਪੱਤਰ ਨੰ. 2/46/03FPPC/421 ਮਿਤੀ 25.7.08 ਦੁਆਰਾ ਸਰਕਾਰ ਦੇ ਪੱਤਰ ਨੰ. 16/42/83FR(6) 7291 ਮਿਤੀ 17.8.83 ਵਿੱਚ ਸੋਧ ਕਰਕੇ ਤਿੰਨ ਮਹੀਨੇ ਜਾਂ ਤਿੰਨ ਮਹੀਨੇ ਤੋਂ ਵੱਧੇ ਅਤੇ 6 ਮਹੀਨੇ ਤੋਂ ਘੱਟ ਸਮੇਂ ਨੂੰ ਪੂਰੀ ਛਿਮਾਹੀ ਗਿਣ ਕੇ ਗਰੈਚੂਟੀ ਦੇਣ ਦਾ ਹੁਕਮ ਹੈ।

21. ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ 3/23/09-3ਐਫਪੀਪੀਸੀ/879 ਮਿਤੀ 17.8.09 ਦੇ ਪੈਰਾ-4 ਅਨੁਸਾਰ ਡੀ.ਸੀ.ਆਰ ਜੀ ਦੀ ਵੱਧ ਤੋਂ ਵੱਧ ਸੀਮਾਂ 3.5 ਲੱਖ ਤੋਂ ਵਧਾ ਕੇ 10 ਲੱਖ ਰੁ. ਕਰ ਦਿੱਤੀ ਗਈ ਹੈ।

22. ਸੇਵਾ ਨਵਿਰਤੀ ਸਮੇਂ ਸੇਵਾ ਕਾਲ 10 ਸਾਲ ਤੋਂ ਘੱਟ ਹੋਣ ਤੇ ਉਸ ਕਰਮਚਾਰੀ ਨੂੰ ਕੋਈ ਪੈਨਸ਼ਨ ਨਹੀਂ ਮਿਲੇਗੀ ਸੀ.ਐਸ.ਆਰ. ਦੇ ਰੂਲ 6.1 ਅਧੀਨ ਕੇਵਲ ਬਣਦੀ ਗਰੈਚੂਟੀ ਹੀ ਮਿਲੇਗੀ।